BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ, ਪੂਰਵ ਕਾਉਂਸਿਲ ਮੈਂਬਰਾਂ ਦੇ ਯੋਗਦਾਨਾਂ ਨੂੰ ਸਨਮਾਨ ਦੇਣ ਲਈ ਤਿੰਨ ਫੈਸਿਲਿਟੀਜ ਅਤੇ ਇੱਕ ਪਾਰਕ ਦਾ ਨਾਮ ਬਦਲ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (22 ਦਸੰਬਰ, 2020) – ਇਸ ਸਾਲ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਸਾਡੇ ਸ਼ਹਿਰ ਵਿੱਚ ਬ੍ਰੈਂਪਟਨ ਸਿਟੀ ਕਾਉਂਸਿਲ ਦੇ ਪੂਰਵ ਮੈਂਬਰਾਂ ਦੇ ਯੋਗਦਾਨਾਂ ਨੂੰ ਮਾਨਤਾ ਦੇਣ ਲਈ, ਉਹਨਾਂ ਦੇ ਸਨਮਾਨ ਵਿੱਚ ਸਿਟੀ ਦੀਆਂ ਤਿੰਨ ਫੈਸਿਲਿਟੀਜ ਅਤੇ ਇੱਕ ਭਵਿੱਖੀ ਪਾਰਕ ਦਾ ਨਾਮ ਬਦਲਣ ਨੂੰ ਪ੍ਰਵਾਨਗੀ ਦਿੱਤੀ ਹੈ।

**ਬੌਬ ਕਾਲਨ ਫਲਾਵਰ ਸਿਟੀ ਸੀਨੀਅਰਸ ਸੈਂਟਰ**

5 ਅਗਸਤ, 2020 ਨੂੰ, ਵਾਰਡਸ 3 ਅਤੇ 4 ਦੇ ਬ੍ਰੈਂਪਟਨ ਕਾਉਂਸਲਰ ਬੌਬ ਕਾਲਨ (Bob Callahan) ਦੇ ਸਨਮਾਨ ਵਿੱਚ, ਫਲਾਵਰ ਸਿਟੀ ਸੀਨੀਅਰਸ ਸੈਂਟਰ (Flower City Seniors Centre) ਦਾ ਨਾਮ ਬਦਲ ਕੇ, ਬੌਬ ਕਾਲਨ ਫਲਾਵਰ ਸਿਟੀ ਸੀਨੀਅਰਸ ਸੈਂਟਰ (Bob Callahan Flower City Seniors Centre) ਰੱਖਣ ਵਾਸਤੇ, ਸਿਟੀ ਕਾਉਂਸਿਲ ਨੇ ਪ੍ਰਵਾਨਗੀ ਦਿੱਤੀ (City Council approved) ਸੀ। ਇਹ ਪ੍ਰਸਤਾਵ, ਸਿਟੀ ਕਾਉਂਸਲਰ ਜੈਫ ਬੋਮੈਨ (Jeff Bowman) ਵੱਲੋਂ ਪੇਸ਼ ਕੀਤਾ ਗਿਆ ਸੀ ਅਤੇ ਸਿਟੀ ਕਾਉਂਸਲਰ ਡਗ ਵ੍ਹਿਲੈਨਸ (Doug Whillans) ਨੇ ਇਸਦੀ ਹਿਮਾਇਤ ਕੀਤੀ ਸੀ।

ਬੌਬ ਕਾਲਨ ਨੇ, 1969 ਤੋਂ 1985 ਤੱਕ ਅਤੇ 1997 ਤੋਂ 2014 ਤੱਕ, ਬ੍ਰੈਂਪਟਨ ਸਿਟੀ ਕਾਉਂਸਿਲ ਵਿੱਚ ਸੇਵਾ ਦਿੱਤੀ ਸੀ। ਇਸ ਸਮੇਂ ਦੇ ਦੌਰਾਨ, ਉਹ, ਬ੍ਰੈਂਪਟਨ ਦੇ ਕਈ ਇੰਸਟੀਟਿਊਸ਼ਨਾਂ ਦੇ ਵਿਕਾਸ ਵਿੱਚ ਸਹਾਇਕ ਰਹੇ ਸਨ। ਇਹਨਾਂ ਵਿੱਚ ਸ਼ਾਮਲ ਹਨ, ਪੀਲ ਹੈਰੀਟੇਜ ਕੰਪਲੈਕਸ (Peel Heritage Complex), ਸਿਟੀ ਹਾਲ (City Hall), ਗੇਜ ਪਾਰਕ ਰੇਕ੍ਰੀਏਸ਼ਨਲ ਸਕੇਟਿੰਗ ਟ੍ਰੇਲ (Gage Park Recreational Skating Trail), ਪਾਵਰੇਡ ਸੈਂਟਰ (Powerade Centre) (ਹੁਣ ਇਸਦਾ ਨਾਮ ਸੀ.ਏ.ਏ. ਸੈਂਟਰ (CAA Centre) ਹੈ), ਅਲਡਰਲੀ (Alderlea), ਸਾਊਥ ਫਲੈਚਰਸ ਹਾਕੀ ਕੰਪਲੈਕਸ (South Fletcher's Hockey Complex), ਨਵਾਂ ਕੋਰਟਹਾਊਸ ਅਤੇ ਗੋ (GO) ਟ੍ਰੇਨਾਂ ਲਈ ਡਬਲ ਟ੍ਰੈਕਿੰਗ। ਉਹ, ਬ੍ਰੈਂਪਟਨ ਦੇ ਬਜ਼ੁਰਗਾਂ ਦੀਆਂ ਲੋੜਾਂ ਅਤੇ ਭਲਾਈ ਲਈ ਸਮਰਪਿਤ ਸਨ। ਉਹ ਬ੍ਰੈਂਪਟਨ ਸੀਨੀਅਰ ਕਾਉਂਸਿਲ (Brampton Senior Council) ਦੇ ਮੈਂਬਰ ਸਨ।

8870 ਮੈਕਲਾਫਲਿਨ ਰੋਡ (8870 McLaughlin Road) ਵਿਖੇ ਸਥਿਤ, ਸੀਨੀਅਰਸ ਸੈਂਟਰ (Seniors Centre) ਅਧਿਕਾਰਤ ਤੌਰ ਤੇ, ਪਤਝੜ 2005 ਵਿੱਚ ਖੁੱਲਿਆ ਸੀ, ਜਿਸ ਵਿੱਚ ਬਜ਼ੁਰਗਾਂ ਲਈ, ਡ੍ਰੌਪ-ਇਨ (ਬਿਨਾਂ ਰਜਿਸਟਰ ਕੀਤੇ) ਅਤੇ ਰਜਿਸਟਰਡ ਫਿਟਨੈੱਸ, ਸਿੱਖਿਆ ਅਤੇ ਸੱਭਿਆਚਾਰ, ਸਪੋਰਟਸ, ਆਰਟਸ ਅਤੇ ਕ੍ਰਾਫਟਸ ਅਤੇ ਖਾਸ ਕਾਰਜਕਰਮਾਂ ਦੀ ਪ੍ਰੋਗਰਾਮਿੰਗ ਪੇਸ਼ ਕੀਤੀ ਜਾਂਦੀ ਹੈ।

**ਸੁਜਨ ਫੈਨਲ ਸਪੋਰਟਸਪਲੈਕਸ**

30 ਸਤੰਬਰ, 2020 ਨੂੰ, ਬ੍ਰੈਂਪਟਨ ਦੀ ਪੂਰਵ ਮੇਅਰ ਸੁਜਨ ਫੈਨਲ (Susan Fennell) ਦੇ ਸਨਮਾਨ ਵਿੱਚ, ਸਾਊਥ ਫਲੈਚਰਸ ਸਪੋਰਟਸਪਲੈਕਸ (South Fletcher's Sportsplex) ਦਾ ਨਾਮ ਬਦਲ ਕੇ, ਸੁਜਨ ਫੈਨਲ ਸਪੋਰਟਸਪਲੈਕਸ (Susan Fennell Sportsplex) ਰੱਖਣ ਵਾਸਤੇ, ਸਿਟੀ ਕਾਉਂਸਿਲ ਨੇ ਪ੍ਰਵਾਨਗੀ ਦਿੱਤੀ (City Council approved) ਸੀ। ਇਹ ਪ੍ਰਸਤਾਵ, ਰੀਜਨਲ ਕਾਉਂਸਲਰ ਮਾਰਟਿਨ ਮੇਡੇਇਰੋਸ (Martin Medeiros) ਵੱਲੋਂ ਪੇਸ਼ ਕੀਤਾ ਗਿਆ ਸੀ ਅਤੇ ਰੀਜਨਲ ਕਾਉਂਸਲਰਾਂ, ਮਾਈਕਲ ਪਲੇਸ਼ੀ (Michael Palleschi), ਪਾੱਲ ਵਿਸੈਂਟ (Paul Vicente), ਪੈਟ ਫੋਰਟਿਨੀ (Pat Fortini) ਅਤੇ ਰੋਏਨਾ ਸੈਨਟੋਸ (Rowena Santos) ਨੇ ਇਸਦੀ ਹਿਮਾਇਤ ਕੀਤੀ ਸੀ।

ਸੁਜਨ ਫੈਨਲ ਨੇ, 1988 ਤੋਂ 2014 ਤੱਕ, ਬ੍ਰੈਂਪਟਨ ਸਿਟੀ ਕਾਉਂਸਿਲ ਵਿੱਚ ਸੇਵਾ ਦਿੱਤੀ ਸੀ। ਇਸ ਸਮੇਂ ਦੇ ਦੌਰਾਨ, ਉਹ, ਸਾਊਥ ਫਲੈਚਰਸ ਸਪੋਰਟਸਪਲੈਕਸ ਦਾ ਨਿਰਮਾਣ ਕਰਨ ਵਿੱਚ ਸਹਾਇਕ ਰਹੇ ਸਨ। ਉਹਨਾਂ ਦੀ ਲੀਡਰਸ਼ਿਪ ਹੇਠ ਹੀ, ਸਿਟੀ ਦੇ ਜ਼ਿਆਦਾਤਰ ਪ੍ਰਸਿੱਧ ਪ੍ਰੋਜੈਕਟ ਪੂਰੇ ਹੋਏ ਸਨ। ਇਹਨਾਂ ਵਿੱਚ ਸ਼ਾਮਲ ਹਨ, ਦ ਰੋਜ਼ ਥਿਏਟਰ (The Rose Theatre), ਫਲਾਵਰ ਸਿਟੀ ਕਮਿਉਨਿਟੀ ਕੈਂਪਸ ਐਂਡ ਸੀਨੀਅਰਸ ਸੈਂਟਰ (Flower City Community Campus and Seniors Centre), ਕੈਸੀ ਕੈਂਪਬੈਲ ਕਮਿਉਨਿਟੀ ਸੈਂਟਰ (Cassie Campbell Community Centre), ਬ੍ਰੈਂਪਟਨ ਸੌਕਰ ਸੈਂਟਰ (Brampton Soccer Centre), ਗੋਰ ਮੇਡੋਜ ਕਮਿਉਨਿਟੀ ਸੈਂਟਰ (Gore Meadows Community Centre), ਅਤੇ ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ (Century Gardens Recreation Centre) ਅਤੇ ਚਿੰਗਕੂਜ਼ੀ ਪਾਰਕ (Chinguacousy Park) ਨੂੰ ਨਵਾਂ ਅਤੇ ਆਧੁਨਿਕ ਬਣਾਉਣਾ। ਉਹਨਾਂ ਨੇ ਸਿਟੀ ਆਫ ਬ੍ਰੈਂਪਟਨ ਦੇ ਉਸ ਯਤਨ ਵਿੱਚ ਮੁੱਖ ਭੂਮਿਕਾ ਨਿਭਾਈ, ਜਿਸ ਵਿੱਚ ਸਿਟੀ ਨੇ ਮੇਲ ਖਾਂਦੀ ਫੈਡਰਲ ਅਤੇ ਸੂਬਾਈ ਫੰਡਿੰਗ ਵਿੱਚ, 200 ਮਿਲੀਅਨ ਡਾਲਰ ਸੁਰੱਖਿਅਤ ਕੀਤੇ ਸਨ, ਤਾਂ ਜੋ ਬ੍ਰੈਂਪਟਨ ਦੇ ਜ਼ੂਮ ਬੱਸ ਰੈਪਿਡ ਟ੍ਰਾਂਜ਼ਿਟ (Züm Bus Rapid Transit) ਪ੍ਰੋਗਰਾਮ ਨੂੰ ਅਸਲੀਅਤ ਬਣਾਇਆ ਜਾ ਸਕੇ। ਇਸਤੋਂ ਇਲਾਵਾ, ਉਹਨਾਂ ਨੇ ਬਜ਼ੁਰਗਾਂ ਅਤੇ ਸਾਬਕਾ ਫੌਜੀਆਂ ਲਈ, ਛੋਟ ਵਾਲੇ ਕਿਰਾਏ ਦੀ ਸਫਲਤਾਪੂਰਬਕ ਹਿਮਾਇਤ ਕੀਤੀ। ਉਹਨਾਂ ਨੇ ਧਾਰਮਿਕ ਥਾਵਾਂ ਲਈ, ਬਿਲਕੁੱਲ ਪਹਿਲੇ ਪਲਾਨਿੰਗ ਫ੍ਰੇਮਵਰਕ ਦੇ ਵਿਕਾਸ ਦੀ ਵੀ ਅਗਵਾਈ ਕੀਤੀ, ਜਿਸ ਨਾਲ ਬ੍ਰੈਂਪਟਨ ਨੂੰ, ਕੈਨੇਡਾ ਵਿੱਚ ਸਭ ਤੋਂ ਵੱਧ ਗਤੀਸ਼ੀਲ ਮਲਟੀ-ਫੇਥ (ਕਈ ਧਰਮਾਂ ਵਿੱਚ ਸ਼ਰਧਾ ਰੱਖਣ ਵਾਲੇ) ਭਾਈਚਾਰਿਆਂ ਵਿੱਚੋਂ ਇੱਕ ਵਜੋਂ ਵਿਕਸਿਤ ਕੀਤਾ ਜਾ ਸਕੇ। ਉਹਨਾਂ ਨੇ ਅਲਡਰਲੀ, ਦ ਕੇਨੇਥ ਚਿਸ਼ੋਲਮ ਮੈਨਸ਼ਨ (The Kenneth Chisholm Mansion) ਨੂੰ ਢਾਉਣ ਤੋਂ ਬਚਾਉਣ ਵਿੱਚ ਨਿੱਜੀ ਭੂਮਿਕਾ ਨਿਭਾਉਂਦੇ ਹੋਏ, ਵਿਰਾਸਤ ਨੂੰ ਸੁਰੱਖਿਅਤ ਰੱਖਣ ਦੀ ਵੀ ਹਿਮਾਇਤ ਕੀਤੀ। ਪਿਛਲੇ 25 ਸਾਲਾਂ ਦੇ ਮੁਕਾਬਲੇ, ਉਹਨਾਂ ਦੇ ਪ੍ਰਸ਼ਾਸਨ ਦੇ ਦੌਰਾਨ, ਵਿਰਾਸਤ ਵਾਲੀਆਂ ਵੱਧ ਇਮਾਰਤਾਂ ਨਿਸ਼ਚਿਤ ਕੀਤੀਆਂ ਗਈਆਂ ਸਨ।

500 ਰੇਅ ਲਾਅਸਨ ਬੁਲੇਵਾਰਡ (500 Ray Lawson Boulevard) ਵਿਖੇ ਸਥਿਤ, ਸਪੋਰਟਸਪਲੈਕਸ ਮੂਲ ਰੂਪ ਨਾਲ, 28 ਸਤੰਬਰ, 1997 ਨੂੰ ਖੁੱਲਿਆ ਸੀ। ਇਹ ਸੈਂਟਰ ਕਈ ਤਰ੍ਹਾਂ ਦੇ ਰਜਿਸਟਰਡ ਅਤੇ ਡ੍ਰੌਪ-ਇਨ ਤੈਰਾਕੀ, ਸਕੇਟਿੰਗ, ਸਪੋਰਟਸ ਅਤੇ ਫਿਟਨੈਸ ਪ੍ਰੋਗਰਾਮਾਂ ਦੇ ਨਾਲ-ਨਾਲ, ਰਜਿਸਟਰਡ ਡਾਂਸ, STEM ਅਤੇ ਬਾਲ ਅਤੇ ਯੂਥ ਪ੍ਰੋਗਰਾਮ ਪੇਸ਼ ਕਰਦਾ ਹੈ।

**ਸੈਂਡਰਾ ਹੇਮਸ ਕਰਲਿੰਗ ਕਲੱਬ**

5 ਫਰਵਰੀ, 2020 ਨੂੰ, ਵਾਰਡਸ 7 ਅਤੇ 8 ਦੀ ਪੂਰਵ ਕਾਉਂਸਲਰ ਸੈਂਡਰਾ ਹੇਮਸ ਦੇ ਸਨਮਾਨ ਵਿੱਚ, ਚਿੰਗਕੂਜ਼ੀ ਕਰਲਿੰਗ ਕਲੱਬ (Chinguacousy Curling Club) ਦਾ ਨਾਮ ਬਦਲ ਕੇ, ਸੈਂਡਰਾ ਹੇਮਸ ਕਰਲਿੰਗ ਕਲੱਬ (Sandra Hames Curling Club) ਰੱਖਣ ਵਾਸਤੇ, ਸਿਟੀ ਕਾਉਂਸਿਲ ਨੇ ਪ੍ਰਵਾਨਗੀ ਦਿੱਤੀ (City Council approved) ਸੀ। ਇਹ ਪ੍ਰਸਤਾਵ, ਰੀਜਨਲ ਕਾਉਂਸਲਰ ਪੈਟ ਫੋਰਟਿਨੀ ਵੱਲੋਂ ਪੇਸ਼ ਕੀਤਾ ਗਿਆ ਸੀ।

ਸੈਂਡਰਾ ਹੇਮਸ ਨੇ, 1991 ਤੋਂ 2014 ਤੱਕ, ਬ੍ਰੈਂਪਟਨ ਸਿਟੀ ਕਾਉਂਸਿਲ ਵਿੱਚ ਸੇਵਾ ਦਿੱਤੀ ਸੀ। ਇਸ ਸਮੇਂ ਦੇ ਦੌਰਾਨ, ਉਹਨਾਂ ਨੇ ਕਈ ਸਪੋਰਟਸ ਭਾਈਚਾਰਿਆਂ ਨੂੰ ਸੇਵਾ ਦਿੱਤੀ ਸੀ, ਜਿਵੇਂ ਬ੍ਰੈਂਪਟਨ ਸੌਕਰ ਐਡਵਾਈਜਰੀ ਕਮੇਟੀ (Brampton Soccer Advisory Committee), ਬ੍ਰੈਂਪਟਨ ਕ੍ਰਿਕੇਟ ਐਡਵਾਈਜਰੀ ਕਮੇਟੀ (Brampton Cricket Advisory Committee), ਬ੍ਰੈਂਪਟਨ ਸਪੋਰਟਸ ਅਲਾਈਂਸ (Brampton Sports Alliance), ਬ੍ਰੈਂਪਟਨ ਸਪੋਰਟਸ ਹਾਲ ਆਫ ਫੇਮ (Brampton Sports Hall of Fame), ਚਿੰਗਕੂਜ਼ੀ ਫਿਗਰ ਸਕੇਟਿੰਗ ਐਂਡ ਚਿੰਗਕੂਜ਼ੀ ਕਲੱਬ (Chinguacousy Figure Skating and Chinguacousy Club)। ਉਹਨਾਂ ਨੂੰ ਚਿੰਗਕੂਜ਼ੀ ਕਰਲਿੰਗ ਕਲੱਬ ਵੱਲੋਂ ਮਾਰਵ ਵਾਈਟ ਅਵਾਰਡ (Marv White Award) ਨਾਲ ਸਨਮਾਨਿਤ ਕੀਤਾ ਗਿਆ ਸੀ। ਇਹ ਅਵਾਰਡ ਉਸ ਮੈਂਬਰ ਨੂੰ ਦਿੱਤਾ ਜਾਂਦਾ ਹੈ, ਜੋ ਕਲੱਬ ਅਤੇ ਕਰਲਿੰਗ ਦੀ ਗੇਮ, ਆਈਸ ਤੇ ਅਤੇ ਆਈਸ ਤੇ ਨਾ ਹੋਣ ਵੇਲੇ, ਦੋਵਾਂ ਵਿੱਚ ਇਸਦੀ ਬਿਹਤਰੀ ਲਈ ਬਹੁਤ ਜ਼ਿਆਦਾ ਯੋਗਦਾਨ ਦਿੰਦਾ ਹੈ।

150 ਸੈਂਟਰਲ ਪਾਰਕ ਡ੍ਰਾਈਵ (150 Central Park Drive) ਵਿਖੇ ਸਥਿਤ, ਕਰਲਿੰਗ ਕਲੱਬ (Curling Club), ਮੂਲ ਰੂਪ ਨਾਲ 1973 ਵਿੱਚ ਖੁੱਲਿਆ ਸੀ। ਸਿਟੀ ਆਫ ਬ੍ਰੈਂਪਟਨ ਨੇ 1976 ਵਿੱਚ ਇਸਦਾ ਸੰਚਾਲਨ ਸੰਭਾਲਿਆ ਸੀ। ਫੈਸਿਲਿਟੀ ਵਿੱਚ ਕਰਲਿੰਗ ਇਨਡੋਰ ਵਿੰਟਰ ਟੈਨਿਸ ਸਹੂਲਤਾਂ ਹਨ। ਇਹ 30 ਤੋਂ ਵੱਧ ਵਰਤੋਂਕਾਰ ਸਮੂਹਾਂ ਦਾ ਘਰ ਹੈ।

**ਜੌਨ ਸਪਰੋਵਿਏਰੀ ਪਾਰਕ**

30 ਸਤੰਬਰ ਨੂੰ, ਗੋਰਵੇਅ ਡ੍ਰਾਈਵ (Goreway Drive) ਅਤੇ ਹੰਬਰਵੈਸਟ ਪਾਰਕਵੇਅ (Humberwest Parkway) ਵਿਖੇ ਭਵਿੱਖ ਪਾਰਕ ਦਾ ਨਾਮ, ਬ੍ਰੈਂਪਟਨ ਦੇ ਵਾਰਡਸ 9 ਅਤੇ 10 ਦੇ ਪੂਰਵ ਕਾਉਂਸਲਰ ਜੌਨ ਸਪਰੋਵਿਏਰੀ (John Sprovieri) ਦੇ ਨਾਮ ਤੇ ਰੱਖਣ ਵਾਸਤੇ, ਸਿਟੀ ਕਾਉਂਸਿਲ ਨੇ ਪ੍ਰਵਾਨਗੀ ਦਿੱਤੀ (City Council approved) ਸੀ। ਇਹ ਪ੍ਰਸਤਾਵ, ਰੀਜਨਲ ਕਾਉਂਸਲਰ ਪੈਟ ਫੋਰਟਿਨੀ ਵੱਲੋਂ ਪੇਸ਼ ਕੀਤਾ ਗਿਆ ਸੀ।

ਜੌਨ ਸਪਰੋਵਿਏਰੀ ਨੇ, 1988 ਤੋਂ 2018 ਤੱਕ, ਬ੍ਰੈਂਪਟਨ ਸਿਟੀ ਕਾਉਂਸਿਲ ਵਿੱਚ ਸੇਵਾ ਦਿੱਤੀ ਸੀ। ਇਸ ਸਮੇਂ ਦੇ ਦੌਰਾਨ, ਉਹ ਆਪਣੇ ਵਾਰਡਸ ਦੇ ਵਿਕਾਸ ਅਤੇ ਸੰਭਾਵਨਾਵਾਂ ਲਈ ਸਮਰਪਿਤ ਸਨ। ਉਹਨਾਂ ਨੇ ਵਾਰਡਸ 8 (ਜੋ ਵਾਰਡ 10 ਦਾ ਹਿੱਸਾ ਹੁੰਦਾ ਸੀ), 9 ਅਤੇ 10 ਵਿੱਚ, ਵਾਰਡ 10 ਦੇ ਲਗਭਗ 8,000 ਵਿਅਕਤੀਆਂ ਤੋਂ ਲਗਭਗ 150,000 ਵਿਅਕਤੀਆਂ ਤੱਕ ਦੇ ਵਾਧੇ ਦਾ ਨਿਰੀਖਣ ਕੀਤਾ। ਉਹ ਭਾਈਚਾਰੇ ਅਤੇ ਕਾਰੋਬਾਰ ਦੀ ਸਮਝ ਰੱਖਣ ਵਾਲੇ ਕਾਉਂਸਲਰ ਸਨ, ਉਹਨਾਂ ਨੇ ਬ੍ਰੈਂਪਟਨ ਵਿੱਚ, ਅੱਜ ਦੇ ਵੰਨ-ਸੁਵੰਨੇ, ਜੋਸ਼ੀਲੇ ਭਾਈਚਾਰੇ ਵਿੱਚ ਯੋਗਦਾਨ ਪਾਉਂਦੇ ਹੋਏ, ਕਾਸਲਮੋਰ ਐਸਟੇਟਸ (Castlemore Estates) ਦੇ ਆਲੇ-ਦੁਆਲੇ ਐਗਜ਼ੀਕਿਉਟਿਵ ਹਾਊਸਿੰਗ ਦਾ ਵਿਚਾਰ ਪੇਸ਼ ਕੀਤਾ, ਤਾਂ ਜੋ ਪੇਸ਼ਾਵਰਾਂ ਅਤੇ ਕਾਰੋਬਾਰੀਆਂ ਨੂੰ ਬ੍ਰੈਂਪਟਨ ਵਿੱਚ ਰਹਿਣ, ਕੰਮ ਕਰਨ ਅਤੇ ਖੇਡਣ ਲਈ ਪ੍ਰੇਰਿਤ ਕੀਤਾ ਜਾ ਸਕੇ। ਉਹ ਸਾਡੇ ਭਾਈਚਾਰੇ ਵਿੱਚ ਵਾਧਾ ਕਰਨ ਲਈ, ਚਿੰਗਕੂਜ਼ੀ ਵੈਲਨੈਸ ਸੈਂਟਰ (Chinguacousy Wellness Centre), ਬ੍ਰੈਂਪਟਨ ਸੌਕਰ ਸੈਂਟਰ ਅਤੇ ਗੋਰ ਮੇਡੋਜ਼ ਕਮਿਊਨਿਟੀ ਸੈਂਟਰ ਅਤੇ ਦੋ ਲਾਇਬ੍ਰੇਰੀਆਂ ਦਾ ਪੁਨਰ ਨਿਰਮਾਣ ਕਰਨ ਵਿੱਚ ਵੀ ਸਹਾਇਕ ਰਹੇ ਸਨ।

**ਪਿਛੋਕੜ**

ਸਿਟੀ ਆਫ ਬ੍ਰੈਂਪਟਨ ਦੇ, ਪਾਰਕਾਂ ਅਤੇ ਵੈਲੀਜ਼ ਤੋਂ ਲੈ ਕੇ, ਬਿਲਡਿੰਗਾਂ ਅਤੇ ਸਟ੍ਰੀਟਸ ਤੱਕ, ਮਿਊਨਿਸਿਪਲਟੀ ਦੀ ਮਾਲਕੀ ਵਾਲੀਆਂ ਕਈ ਤਰ੍ਹਾਂ ਦੀਆਂ ਸੰਪਤੀਆਂ ਹਨ। ਕਈਆਂ ਦਾ ਨਾਮ, ਸਿਟੀ ਦੇ ਸੰਪੰਨ ਸੱਭਿਆਚਾਰ ਅਤੇ ਵਿਰਾਸਤ ਦੇ ਸਨਮਾਨ ਵਿੱਚ ਰੱਖਿਆ ਗਿਆ ਹੈ ਅਤੇ ਹੋਰਾਂ ਦਾ ਨਾਮ, ਕਾਰਜਕਰਮਾਂ ਅਤੇ ਵਿਅਕਤੀਆਂ ਦੀਆਂ ਸ਼ਾਨਦਾਰ ਉਪਲਬਧੀਆਂ, ਵਿਸ਼ੇਸ਼ ਸੇਵਾ ਜਾਂ ਮਹੱਤਵਪੂਰਣ ਭਾਈਚਾਰਕ ਯੋਗਦਾਨਾਂ ਨੂੰ ਸਨਮਾਨ ਦੇਣ ਲਈ, ਯਾਦਗਾਰ ਮਾਨਤਾ ਦੇ ਤੌਰ ਤੇ ਰੱਖਿਆ ਗਿਆ ਹੈ।

ਸਿਟੀ, ਆਉਣ ਵਾਲੇ ਮਹੀਨਿਆਂ ਵਿੱਚ ਉਪਰੋਕਤ ਹਰ ਫੈਸਿਲਿਟੀ ਦਾ ਨਾਮ ਬਦਲਣ ਲਈ, ਬਾਹਰਲੇ ਸਾਈਨ ਬੋਰਡਾਂ ਦੇ ਨਾਲ-ਨਾਲ, ਰੋਡ ਤੇ ਲੱਗੇ ਸਾਈਨ ਬੋਰਡਾਂ, ਰਾਹ ਦੱਸਣ ਵਾਲੇ ਬੋਰਡਾਂ, ਪ੍ਰਸ਼ਾਸਕੀ ਅਤੇ ਪ੍ਰਚਾਰ ਸਬੰਧੀ ਸਮੱਗਰੀਆਂ ਨੂੰ ਬਦਲਣਾ ਸ਼ੁਰੂ ਕਰੇਗੀ। ਜਨਤਾ ਵੱਲੋਂ ਟਿੱਪਣੀਆਂ ਦੇਣ ਦੀ ਮਿਆਦ ਬਾਰੇ ਜਾਣਕਾਰੀ ਸਮੇਤ, ਸਿਟੀ ਦੀਆਂ ਸੰਪਤੀਆਂ ਦਾ ਨਾਮ ਰੱਖਣ (Naming of City Assets) ਬਾਰੇ ਹੋਰ ਜਾਣਨ ਲਈ, ਇੱਥੇ ਕਲਿੱਕ ਕਰੋ (click here)।

**ਹਵਾਲੇ**

"ਬ੍ਰੈਂਪਟਨ ਦਾ ਸੰਪੰਨ ਇਤਿਹਾਸ ਹੈ, ਜੋ ਉਹਨਾਂ ਕਈ ਵਿਅਕਤੀਆਂ ਦੇ ਸਮਰਪਣ ਅਤੇ ਯੋਗਦਾਨਾਂ ਨਾਲ ਹਾਸਲ ਹੋਇਆ ਹੈ, ਜਿਹਨਾਂ ਨੇ ਇਸਨੂੰ ਚਹਿਲ-ਪਹਿਲ ਵਾਲਾ ਅਤੇ ਜੋਸ਼ੀਲਾ ਸ਼ਹਿਰ, ਜੋ ਇਹ ਅੱਜ ਹੈ, ਬਣਾਉਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ ਹੈ। ਮੈਂ ਸਾਡੇ ਸ਼ਹਿਰ ਦੇ ਵਿਕਾਸ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ ਦੇ ਪੂਰਵ ਮੈਂਬਰਾਂ ਦੀ ਅਣਥੱਕ ਵਚਨਬੱਧਤਾ ਲਈ, ਉਹਨਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ।"

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ, ਗ੍ਰੇਟਰ ਟੋਰੋਂਟੋ ਏਰੀਆ ਵਿੱਚ ਤੀਜਾ ਸਭ ਤੋਂ ਵੱਡਾ ਸ਼ਹਿਰ ਹੈ ਅਤੇ ਕੈਨੇਡਾ ਵਿੱਚ ਨੌਂਵਾ ਸਭ ਤੋਂ ਵੱਡਾ ਸ਼ਹਿਰ ਹੈ। ਅਸੀਂ ਫਲਾਵਰ ਟਾਊਨ ਵਜੋਂ ਆਪਣੀਆਂ ਇਤਿਹਾਸਕ ਜੜ੍ਹਾਂ ਤੋਂ ਕਾਫੀ ਉੱਤੇ ਉੱਠ ਗਏ ਹਾਂ ਅਤੇ ਇਸ ਵਿੱਚ, ਇਹਨਾਂ ਪੂਰਵ ਕਾਉਂਸਿਲ ਮੈਂਬਰਾਂ ਦੀ ਪ੍ਰਗਤੀਸ਼ੀਲ ਵਚਨਬੱਧਤਾ ਦਾ ਬਹੁਤ ਵੱਡਾ ਹੱਥ ਹੈ।"

– *ਰੋਏਨਾ ਸੈਂਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਊਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਮੈਨੂੰ ਖੁਸ਼ੀ ਹੈ ਕਿ ਅਸੀਂ ਸ਼ਹਿਰ ਨੂੰ ਰਹਿਣ, ਖੇਡਣ ਅਤੇ ਕੰਮ ਕਰਨ ਦੀ ਬਿਹਤਰ ਥਾਂ ਬਣਾਉਣ ਲਈ, ਬ੍ਰੈਂਪਟਨ ਕਾਉਂਸਿਲ ਦੇ ਇਹਨਾਂ ਪੂਰਵ ਮੈਂਬਰਾਂ ਦੇ ਸਮਰਪਣ ਲਈ ਉਹਨਾਂ ਨੂੰ ਸਨਮਾਨਿਤ ਕਰ ਰਹੇ ਹਾਂ। ਨਿਵਾਸੀਆਂ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਕਈ ਪ੍ਰੋਗਰਾਮ ਅਤੇ ਫੈਸਿਲਿਟੀਜ, ਜਿਹਨਾਂ ਦਾ ਉਹ ਅਨੰਦ ਮਾਣਦੇ ਹਨ, ਪੂਰਵ ਕਾਉਂਸਿਲ ਮੈਂਬਰਾਂ ਦੀ ਲੀਡਰਸ਼ਿਪ ਦੇ ਨਤੀਜੇ ਵਜੋਂ ਹੀ ਹਨ।"

– *ਸ਼ਾਰਮੇਨ ਵਿਲੀਅਮਸ (Charmaine Williams), ਸਿਟੀ ਕਾਉਂਸਲਰ, ਵਾਰਡਸ 7 ਅਤੇ 8; ਵਾਈਸ-ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਦੇ ਸਟਾਫ਼ ਨੇ ਪਹਿਲਾਂ ਤੋਂ ਹੀ, ਇਹਨਾਂ ਯਾਦਗਾਰ ਇਮਾਰਤਾਂ ਦੇ ਨਾਮ ਬਦਲਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਆਉਣ ਵਾਲੇ ਮਹੀਨਿਆਂ ਵਿੱਚ, ਅਸੀਂ ਸਾਰੇ ਸਾਈਨ ਬੋਰਡ ਅੱਪਡੇਟ ਕਰ ਦੇਵਾਂਗੇ। ਜਦੋਂ ਅਜਿਹਾ ਕਰਨਾ ਸੁਰੱਖਿਅਤ ਹੋਵੇਗਾ, ਤਾਂ ਸਟਾਫ਼ ਸਬੰਧਿਤ ਸਟੇਕਹੋਲਡਰਾਂ ਦੇ ਨਾਲ, ਯਾਦਗਾਰ ਕਾਰਜਕਰਮ ਆਯੋਜਿਤ ਕਰੇਗਾ।"

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca